# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ
# ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**

---

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ

ਮੀਮੋ ਨੰ:-SSA/DE/CM/Trg/10/ 77774-93
ਮਿਤੀ: ਚੰਡੀਗੜ੍ਹ 24/12/10

**ਵਿਸ਼ਾ:** **ਸ਼ੈਸ਼ਨ 2010-11 ਦੀ ਪਸਵਕ / ਕਮਿਊਨਿਟੀ ਟ੍ਰੇਨਿੰਗ ਲਈ ਰਾਜ ਪੱਧਰ ਤੇ ਇਕ ਰੋਜ਼ਾ ਵਰਕਸ਼ਾਪ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਮਿਤੀ 03 ਜਨਵਰੀ, 2011 ਤੋਂ ਵਿਸ਼ਾ ਅਧੀਨ ਟ੍ਰੇਨਿੰਗਜ਼ ਸ਼ੁਰੂ ਹੋ ਰਹੀਆਂ ਹਨ, ਇਨ੍ਹਾਂ ਟ੍ਰੇਨਿੰਗਜ਼ ਨੂੰ ਸਾਰਥਕ ਬਣਾਉਣ ਦੇ ਮੰਤਵ ਨਾਲ ਰਾਜ ਪੱਧਰ ਤੇ ਮਿਤੀ 2 ਜਨਵਰੀ, 2011 ਨੂੰ (ਸਮਾਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ) ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਦੇ ਆਡੀਟੋਰੀਅਮ ਵਿਖੇ ਵਿਸ਼ਾ ਅਧੀਨ ਵਰਕਸ਼ਾਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਇਸ ਵਰਕਸ਼ਾਪ ਵਿੱਚ ਐਡਸੈਲ (ਇੰਡਿਆ) ਲਿਮਟਿਡ ਤੋਂ ਸ਼੍ਰੀ ਸੁਬੀਰ ਸ਼ੁਕਲਾ ਜੀ ਬਤੌਰ ਰਿਸੋਰਸ ਪਰਸਨ ਭਾਗ ਲੈਣਗੇ।

3.0 ਇਸ ਵਰਕਸ਼ਾਪ ਵਿੱਚ ਸਮੂਹ ਜ਼ਿਲ੍ਹਿਆਂ ਦੇ ਕਮਿਊਨਿਟੀ ਮੋਬੀਲਾਈਜੇਸ਼ਨ ਕੋਆਰਡੀਨੇਟਰਜ਼, ਪੜ੍ਹੋ ਪੰਜਾਬ ਕੋਆਰਡੀਨੇਟਰਜ਼, ਅਸਿਸਟੈਂਟ ਪੜ੍ਹੋ ਪੰਜਾਬ ਕੋਆਰਡੀਨੇਟਰਜ਼ ਅਤੇ ਬਲਾਕਾਂ ਦੇ ਬਲਾਕ ਮਾਸਟਰ ਟ੍ਰੇਨਰਜ਼ ਦਾ ਭਾਗ ਲੈਣਾ ਲਾਜ਼ਮੀ ਹੈ।

4.0 ਜੇਕਰ ਕਿਸੇ ਬਲਾਕ ਦਾ ਬੀ.ਐਮ.ਟੀ. ਕਿਸੇ ਕਾਰਨ ਵਰਕਸ਼ਾਪ ਵਿੱਚ ਭਾਗ ਨਾ ਲੈ ਸਕੇ ਤਾਂ ਉਸ ਦੀ ਥਾਂ ਤੇ ਸਬੰਧਤ ਬਲਾਕ ਦਾ ਕੋਈ ਵੀ ਸੀ.ਐਮ.ਟੀ. ਵਰਕਸ਼ਾਪ ਵਿੱਚ ਭਾਗ ਲਵੇਗਾ।

5.0 ਆਪ ਜੀ ਨੂੰ ਲਿਖਿਆ ਜਾਦਾ ਹੈ ਕਿ ਉਪਰੋਕਤ ਵਰਕਸ਼ਾਪ ਵਿੱਚ ਆਪ ਦੇ ਜ਼ਿਲ੍ਹੇ ਦੇ ਉਪਰੋਕਤ ਦਰਸਾਏ ਅਧਿਕਾਰੀਆਂ ਦੀ ਹਾਜ਼ਰੀ ਨੂੰ ਵਰਕਸ਼ਾਪ ਵਿੱਚ ਯਕੀਨੀ ਬਣਾਇਆ ਜਾਵੇ।

6.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੰਠ ਅੰਕਣ ਨੰ: SSA/DE/CM/Trg/10/ 77774-93 ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਪੜ੍ਹੋ ਪੰਜਾਬ ਕੋਆਰਡੀਨੇਟਰ
2. ਸਮੂਹ ਕਮਿਊਨਿਟੀ ਮੋਬੀਲਾਈਜੇਸ਼ਨ ਕੋਆਰਡੀਨੇਟਰ
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
4. ਡੀ.ਐਮ. (ਐਮ.ਆਈ.ਐਸ.) ਵੈੱਬ ਸਾਇਟ ਤੇ ਪਾਉਣ ਲਈ

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**